# ਬਾਗ਼ੀ ਰੂਹਾਂ

ਚੇਰੀਕੋਫ਼

SARDAR DYAL SINGH
LAHORE
LIBRARY.

ਨਵ-ਯੁਗ ਸੀਰੀਜ਼

ਪ੍ਰੀਤ ਨਗਰ

ਓ.੨
ਕੈ੭੨ ਖਾ
30177

ਪ੍ਰਿੰਟਰ : ਸ: ਗੁਰਬਖ਼ਸ਼ ਸਿੰਘ, ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ
ਪਬਲਿਸ਼ਰ : ਪਿਆਰਾ ਸਿੰਘ 'ਸਹਿਰਾਈ', ਪ੍ਰੀਤ ਨਗਰ

# ਮੁਢਲੇ ਸ਼ਬਦ

ਰੂਸੀ ਸਾਹਿਤ ਦਾ ਦਰਜਾ ਦੁਨੀਆ ਵਿਚ ਬਹੁਤ ਉੱਚਾ ਹੈ। ਇਹ ਮਨੁੱਖੀ ਆਤਮਾ ਨੂੰ ਲੋਰੀਆਂ ਦੇ ਦੇ ਕੇ ਸੁਲਾਣ ਵਾਲਾ ਨਹੀਂ ਸਗੋਂ ਝੂਣ ਝੂਣ ਕੇ ਜਗਾਣ ਵਾਲਾ ਤੇ ਕੁਝ ਕਰ ਗੁਜ਼ਰਨ ਲਈ ਪ੍ਰੇਰਨਾ ਦੇਣ ਵਾਲਾ ਸਾਹਿਤ ਹੈ। ਇਸ ਇਕ ਗਲ ਵਿਚ ਇਹ ਦੁਨੀਆ ਭਰ ਦੇ ਸਾਹਿਤ ਨਾਲੋਂ ਵਖਰਾ ਹੈ।

ਹਿੰਦੁਸਤਾਨ ਵਰਗੇ ਗ਼ੁਲਾਮ ਦੇਸ਼ ਵਿਚ ਅਜਿਹੇ ਸਾਹਿਤ ਦੀ ਲੋੜ ਬਹੁਤ ਜ਼ਿਆਦਾ ਹੈ। ਸਾਨੂੰ ਉਹਨਾਂ ਕਹਾਣੀਆਂ ਦੀ ਜ਼ਰੂਰਤ ਹੈ, ਜਿਹੜੀਆਂ ਸਾਡੇ ਲਹੂ ਨੂੰ ਗਰਮਾਣ, ਸਾਡੇ ਡੌਲਿਆਂ ਨੂੰ ਫੁਰਕਾਣ ਤੇ ਸਾਡੀਆਂ ਅੱਖਾਂ ਵਿਚ ਲਾਲੀ ਲੈ ਆਉਣ ਤਾਂ ਜੋ ਅਸੀ ਵੀ ਉਠੀਏ, ਹੰਭਲਾ ਮਾਰੀਏ ਤੇ ਆਪਣੀ ਗ਼ੁਲਾਮੀ ਦੇ ਸੰਗਲਾਂ ਨੂੰ ਚਕਨਾ ਚੂਰ ਕਰ ਦੇਈਏ। ਇਕ ਨਵਾਂ ਸਮਾਜ ਰਚੀਏ, ਜਿਸ ਵਿਚ ਨਾ ਕੋਈ ਜ਼ਾਲਮ ਹੋਵੇ, ਨਾ ਮਜ਼ਲੂਮ, ਨਾ ਹਾਕਮ ਹੋਵੇ, ਨਾ ਮਹਿਕੂਮ, ਨਾ ਬਰਦਾ ਹੋਵੇ, ਨਾ ਮਾਲਕ, ਜਿਥੇ ਮਨੁੱਖ, ਮਨੁੱਖ ਦੇ ਰਹਿਮ ਤੇ ਨਾ ਹੋਵੇ। ਸਾਰੇ ਆਜ਼ਾਦ ਹੋਣ, ਬਰਾਬਰ ਹੋਣ, ਲੁਟ ਪੁਟ ਤੇ ਧਕੇ ਸ਼ਾਹੀ ਦਾ ਨਿਸ਼ਾਨ ਤਕ ਨਾ ਰਹੇ। ਤੇ ਓਸ ਸਮਾਜ ਦੀ ਉਸਾਰੀ ਲਈ ਤਿਆਰ ਕਰਨ ਵਿਚ ਰੂਸੀ ਸਾਹਿਤ ਸਾਡੀ ਬਹੁਤ ਸੇਵਾ ਕਰ ਸਕਦਾ ਹੈ।

ਸਾਨੂੰ ਅੱਖਾਂ ਮੀਟੀਆਂ, ਕਿਸੇ ਸਮਾਧੀ ਵਿਚ ਮਗਨ ਤੇ ਖ਼ਿਆਲੀ ਅਮਨ ਲੁੜੀਂਦੀਆਂ ਹਸਤੀਆਂ ਦੀ ਨਹੀਂ, ਸਗੋਂ ਉਹਨਾਂ ਬਾਗ਼ੀ ਰੂਹਾਂ ਦੀ ਲੋੜ ਹੈ, ਜਿਨ੍ਹਾਂ ਅਗੇ ਕੋਈ ਵੀ ਰੁਕਾਵਟ ਖਲੋ ਨਾ ਸਕੇ। ਜਿਨ੍ਹਾਂ ਦੇ ਦਿਲ ਫੌਲਾਦ ਵਰਗੇ ਤੇ ਇਰਾਦੇ ਪਹਾੜਾਂ ਵਾਂਗ ਹੋਣ। ਜਿਹੜੀਆਂ ਇਸ ਗਲੇ ਸੜੇ ਤੇ ਬਦਬੂ ਛਡਦੇ ਸਮਾਜ ਨੂੰ ਇਕ ਪਲ ਲਈ ਵੀ ਬਰਦਾਸ਼ਤ ਨਾ ਕਰ ਸਕਣ। ਨਵੇਂ ਸਮਾਜ ਦਾ ਸੁਫਨਾ ਉਨ੍ਹਾਂ ਨੂੰ ਪਾਗਲ ਬਣਾ ਦੇਵੇ, ਆਪਣੇ ਆਦਰਸ਼ ਵਲ ਵਧਣੋ ਉਹਨਾਂ ਨੂੰ ਕੋਈ ਵੀ ਚੀਜ਼ ਰੋਕ ਨਾ ਸਕੇ – ਨਾ ਮਾਂ ਦਾ ਪਿਆਰ, ਨਾ ਪਿਉ ਦੀ ਸਖ਼ਤੀ ਤੇ ਨਾ ਸਰਕਾਰੀ ਜ਼ੁਲਮੋ ਤਸ਼ੱਦਦ। ਅਜਿਹੀ ਇਕ ਬਾਗ਼ੀ ਰੂਹ 'ਨਿਕੋਲਸ' ਦੀ ਕਹਾਣੀ ਹੈ ਇਹ। ਇਹ ਰੂਸ ਦੇ ਇਕ ਉਘੇ ਲਿਖਾਰੀ ਚੈਰੀਕੋਫ ਦੀ ਸੁਹਣੀ ਰਚਨਾ ਹੈ।

ਆਸ ਹੈ ਜਿਸ ਆਸ਼ੇ ਨੂੰ ਸਾਹਮਣੇ ਰਖ ਕੇ ਇਹ ਕਿਤਾਬ ਪੇਸ਼ ਕੀਤੀ ਜਾ ਰਹੀ ਹੈ, ਉਹ ਜ਼ਰੂਰ ਪੂਰਾ ਹੋਵੇਗਾ, ਇਹ ਬਾਗ਼ੀ ਰੂਹਾਂ ਪੰਜਾਬੀ ਜਨਤਾ ਨੂੰ ਪਰੇਰਨਾ ਦੇਣਗੀਆਂ ਤੇ ਸਾਡੇ ਵਿਚੋਂ ਵੀ ਕਈ ਬਾਗ਼ੀ ਰੂਹਾਂ ਪੈਦਾ ਹੋਕੇ ਇਕ ਨਵੇਂ ਹਿੰਦੁਸਤਾਨ ਨੂੰ ਸਾਜਣ ਦੇ ਸੰਗਰਾਮ ਵਿਚ ਆਪਣਾ ਆਪ ਝੋਕ ਦੇਣਗੀਆਂ।

—ਸਹਿਰਾਈ



## — ੧ —

ਬੁਢੀ ਮੀਰੀਆ ਹਰ ਸ਼ਾਮ ਰੇਲਵੇ ਸਟੇਸ਼ਨ ਪੁਰ ਮੁਸਾਫ਼ਰ ਗਡੀ ਵੇਖਣ ਲਈ ਜਾਂਦੀ, ਪਰ ਹਰ ਰੋਜ਼ ਹੀ ਉਸ ਨੂੰ ਨਿਰਾਸ ਪਰਤਣਾ ਪੈਂਦਾ। ਉਸ ਦਾ ਦਿਮਾਗ਼ ਹਰ ਵੇਲੇ ਆਪਣੇ ਪੁਤਰ ਨਿਕੋਲਸ ਦੇ ਦੁਖ ਭਰੇ ਹਾਲ ਅਤੇ ਅਗੋਂ ਆਉਣ ਵਾਲੀਆਂ ਮੁਸੀਬਤਾਂ ਦੇ ਖ਼ਿਆਲਾਂ ਨਾਲ ਭਰਿਆ ਰਹਿੰਦਾ। ਉਹ ਇਨ੍ਹਾਂ ਖ਼ਿਆਲਾਂ ਵਿਚ ਹੀ ਡੁਬੀ ਹੁੰਦੀ ਕਿ ਸਿਗਨਲ ਦੀ ਘੰਟੀ ਤੇ ਇੰਜਨ ਦੀ ਸੀਟੀ ਉਸ ਨੂੰ ਤ੍ਰਬਕਾ ਦਿੰਦੀ। ਉਹ ਗਡੀ ਦੇ ਡਬਿਆਂ ਨੂੰ ਇਕ ਇਕ ਕਰਕੇ ਵੇਖ ਜਾਂਦੀ। ਢੂੰਢਾਊ-ਨਜ਼ਰਾਂ ਨਾਲ ਆਉਣ ਜਾਣ ਵਾਲੇ ਲੋਕਾਂ ਨੂੰ ਤਕਦੀ, ਪਰ ਅਸਲ ਚੀਜ਼ ਜਿਸਦੀ ਢੂੰਢ ਹੈ ਉਹ ਨਾ ਮਿਲਦੀ। ਕਦੇ ਕਦੇ ਇਸ ਦੀਆਂ ਨਜ਼ਰਾਂ ਅਜਿਹੇ ਮੁਸਾਫ਼ਰ ਤੇ ਰੁਕ ਜਾਂਦੀਆਂ ਜਿਸਨੇ ਸਿਰ ਉਤੇ ਪੁਰਾਣੇ ਢੰਗ ਦੀ ਟੋਪੀ ਪਾਈ ਹੁੰਦੀ।

ਕਈ ਦਿਨਾਂ ਤਕ ਇਹੋ ਹਾਲਤ ਰਹੀ, ਭਾਵ ਗਡੀ ਪਲੇਟ ਫ਼ਾਰਮ ਪੁਰ ਕੁਝ ਚਿਰ ਠਹਿਰ ਕੇ ਤੁਰ ਜਾਂਦੀ। ਮੁਸਾਫਰਾਂ ਦੇ ਛੋਟੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.